PSSSB-ESTB0RECT/6/2022-E6

I/45295/2023

**ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ**

**ਵਣ ਭਵਨ, ਸੈਕਟਰ-68, ਮੋਹਾਲੀ।**

## ਸ਼ੁੱਧੀ ਪੱਤਰ

1.0 ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਵੱਲੋਂ ਇਸ਼ਤਿਹਾਰ ਨੰਬਰ 01 ਆਫ 2022 ਰਾਹੀਂ ਪ੍ਰਕਾਸ਼ਿਤ ਸਟੈਨੋਟਾਈਪਿਸਟ ਅਤੇ ਜੂਨੀਅਰ ਸਕੇਲ ਸਟੈਨੋਗਰਾਫਰ ਦੀਆਂ ਅਸਾਮੀਆਂ ਸਬੰਧੀ ਪੰਜਾਬੀ ਭਾਸ਼ਾ ਦੀ qualifying nature ਦੀ ਲਿਖਤੀ ਪ੍ਰੀਖਿਆ ਜਨਤਕ ਸੂਚਨਾ ਮਿਤੀ 22.02.2023 ਅਨੁਸਾਰ ਮਿਤੀ 05 ਮਾਰਚ 2023 ਨੂੰ ਨਿਸ਼ਚਤ ਕੀਤੀ ਗਈ ਸੀ।

2.0 ਇਸ ਭਰਤੀ ਪ੍ਰਕਿਰਿਆ ਵਿੱਚ ਭਾਗ ਲੈਣ ਵਾਲੇ ਉਮੀਦਵਾਰਾ ਤੋਂ ਪ੍ਰਾਪਤ ਪ੍ਰਤੀ-ਬੇਨਤੀਆਂ ਦੇ ਸਨਮੁੱਖ, ਕਿਉਂਜੋ ਮਿਤੀ 05 ਮਾਰਚ 2023 ਨੂੰ ਦਫਤਰ ਡਾਇਰੈਕਟਰ, ਸਿੱਖਿਆ ਭਰਤੀ ਡਾਇਰੈਕਟੋਰੇਟ ਪੰਜਾਬ ਵੱਲੋਂ ਈ.ਟੀ.ਟੀ. ਕਾਡਰ ਦੀਆਂ 5994 ਅਸਾਮੀਆਂ ਦੀ ਲਿਖਤੀ ਪ੍ਰੀਖਿਆ ਆਯੋਜਿਤ ਕੀਤੀ ਜਾ ਰਹੀ ਹੈ, ਇਸ ਲਈ ਦਫਤਰ ਅਧੀਨ ਸੇਵਾਵਾਂ ਚੋਣ ਬੋਰਡ ਪੰਜਾਬ ਵੱਲੋਂ ਵੱਖ ਵੱਖ ਭਰਤੀ ਪ੍ਰਕਿਰਿਆਵਾਂ ਵਿੱਚ ਭਾਗ ਲੈਣ ਵਾਲੇ ਸਮੂਹ ਉਮੀਦਵਾਰਾ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਟੈਨੋਟਾਈਪਿਸਟ ਅਤੇ ਜੂਨੀਅਰ ਸਕੇਲ ਸਟੈਨੋਗਰਾਫਰ ਦੀਆਂ ਅਸਾਮੀਆਂ ਸਬੰਧੀ ਪੰਜਾਬੀ ਭਾਸ਼ਾ ਦੀ qualifying nature ਦੀ ਲਿਖਤੀ ਪ੍ਰੀਖਿਆ ਮਿਤੀ **11 ਮਾਰਚ 2023** ਨੂੰ ਨਿਸ਼ਚਤ ਕੀਤੀ ਜਾਂਦੀ ਹੈ।

3.0 ਇਸ ਭਰਤੀ ਪ੍ਰਕਿਰਿਆ ਸਬੰਧੀ ਜਿਨ੍ਹਾਂ ਉਮੀਦਵਾਰਾ ਵੱਲੋਂ ਸ਼ਾਰਟ ਹੈਂਡ ਟੈਸਟ ਦੀਆਂ ਦੋਵੇਂ ਅਸਾਮੀਆਂ ਭਾਵ ਸਟੈਨੋਟਾਈਪਿਸਟ ਅਤੇ ਜੂਨੀਅਰ ਸਕੇਲ ਸਟੈਨੋਗਰਾਫਰ ਦੀਆਂ ਅਸਾਮੀਆਂ ਵਿਰੁੱਧ ਅਪਲਾਈ ਕੀਤਾ ਗਿਆ ਹੈ, ਇਨ੍ਹਾਂ ਉਮੀਦਵਾਰਾ ਦੀ ਪੰਜਾਬੀ ਭਾਸ਼ਾ ਦੀ qualifying nature ਦੀ ਇੱਕ ਹੀ ਲਿਖਤੀ ਪ੍ਰੀਖਿਆ ਲਈ ਜਾਵੇਗੀ।

4.0 ਇਸ ਭਰਤੀ ਨਾਲ ਸਬੰਧਤ ਸਮੂਹ ਉਮੀਦਵਾਰਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਮੀਦਵਾਰ latest udates ਜਿਵੇ ਕਿ ਪ੍ਰੀਖਿਆ ਦੇ ਸਥਾਨ, ਐਡਮਿਟ ਕਾਰਡ/ਰੋਲ ਨੰਬਰ ਆਦਿ ਲਈ ਬੋਰਡ ਦੀ ਵੈਬਸਾਈਟ ਰੈਗੂਲਰ ਚੈੱਕ ਕਰਦੇ ਰਹਿਣ।

27/02/2023

ਸਹਾਇਕ ਡਾਇਰੈਕਟਰ

ਅਧੀਨ ਸੇਵਾਵਾਂ ਚੋਣ ਬੋਰਡ,ਪੰਜਾਬ।

ਮਿਤੀ:27.02.2023

ਸਥਾਨ:ਮੋਹਾਲੀ।